# ਸਿਟੀ ਆਫ਼ ਸਰੀ ਵਲੋਂ ਅੰਤਰ-ਰਾਸ਼ਟਰੀ ਵਿਦਿਆਰਥੀਆਂ ਦੀ ਮੱਦਦ ਲਈ ਫੋਰਮ ਉਲੀਕਿਆ

**ਸਿਟੀ ਦਾ ਉਦੇਸ਼ ਇਨ੍ਹਾਂ ਵਿਦਿਆਰਥੀਆਂ ਨੂੰ ਦਰਪੇਸ਼ ਵਿਲੱਖਣ ਚੁਣੌਤੀਆਂ ਨੂੰ ਹੱਲ ਕਰਨ ਲਈ ਰਣਨੀਤੀਆਂ ਵਿਕਸਿਤ ਕਰਨਾ ਹੈ**

ਤੁਰੰਤ ਰਿਲੀਜ਼ : ਨਵੰਬਰ 28, 2024

**ਸਰੀ, ਬੀ.ਸੀ.** - 27 ਨਵੰਬਰ ਨੂੰ, ਸਿਟੀ ਆਫ਼ ਸਰੀ ਨੇ ਇੱਕ ਫੋਰਮ ਦੀ ਮੇਜ਼ਬਾਨੀ ਕੀਤੀ, ਜਿਸਦਾ ਉਦੇਸ਼ ਅੰਤਰਰਾਸ਼ਟਰੀ ਵਿਦਿਆਰਥੀਆਂ ਨੂੰ ਕਮਿਊਨਿਟੀ ਵਿੱਚ ਦਰਪੇਸ਼ ਵਿਲੱਖਣ ਚੁਣੌਤੀਆਂ ਦੇ ਹੱਲ ਦੀ ਖੋਜ ਕਰਨਾ ਹੈ। ਸਰੀ ਆਰਟਸ ਸੈਂਟਰ ਵਿਖੇ ਆਯੋਜਿਤ ਕੀਤੇ ਗਏ, ਇਸ ਪਹਿਲੇ ਈਵੈਂਟ ਵਿੱਚ ਅੰਤਰਰਾਸ਼ਟਰੀ ਵਿਦਿਆਰਥੀਆਂ ਦੇ ਇੱਕ ਪੈਨਲ ਨੇ ਸਰੀ ਵਿੱਚ ਰਹਿੰਦਿਆਂ, ਉਹਨਾਂ ਨੂੰ ਆ ਰਹੀਆਂ ਮੁਸ਼ਕਲਾਂ ਤੇ ਹੱਡਬੀਤੀਆਂ ਨੂੰ ਸਾਂਝੇ ਕੀਤਾ । ਫੋਰਮ ਵਿੱਚ ਵਿਦਿਆਰਥੀਆਂ, ਕਮਿਊਨਿਟੀ ਲੀਡਰਾਂ ਅਤੇ ਸੇਵਾਵਾਂ ਦੇ ਰਹੀਆਂ ਸੰਸਥਾਵਾਂ ਲਈ ਇਕ ਮਹੱਤਵਪੂਰਣ ਪਲੈਟਫਾਰਮ ਪ੍ਰਦਾਨ ਕੀਤਾ ਗਿਆ, ਤਾਂ ਜੋ ਇਨ੍ਹਾਂ ਵਿਦਿਆਰਥੀਆਂ ਨੂੰ ਆ ਰਹੀਆਂ ਹਾਊਸਿੰਗ ਅਸਥਿਰਤਾ ਦੀਆਂ ਸਮੱਸਿਆਵਾਂ , ਨੌਕਰੀ ਦੀ ਅਸੁਰੱਖਿਆ, ਇੱਕਲੇਪਨ ਅਤੇ ਹੋਰ ਸਮਾਜਿਕ ਚੁਣੌਤੀਆਂ ਵਰਗੇ ਮੁੱਦਿਆਂ ਦੇ ਹੱਲ ਲਈ ਚਰਚਾ ਕੀਤੀ ਜਾ ਸਕੇ।

"ਇਹ ਫੋਰਮ ਅੰਤਰਰਾਸ਼ਟਰੀ ਵਿਦਿਆਰਥੀਆਂ ਦੀ ਮੱਦਦ ਕਰਨ ਲਈ ਸਾਡੀ ਵਚਨਬੱਧਤਾ ਨੂੰ ਦਰਸਾਉਂਦਾ ਹੈ," ਮੇਅਰ ਬ੍ਰੈਂਡਾ ਲੌਕ ਨੇ ਕਿਹਾ। "ਹਾਲਾਂਕਿ ਅੰਤਰਰਾਸ਼ਟਰੀ ਵਿਦਿਆਰਥੀ, ਸੂਬਾ ਅਤੇ ਫੈਡਰਲ ਸਰਕਾਰ ਦੇ ਅਧਿਕਾਰ ਖੇਤਰ ਅਧੀਨ ਆਉਂਦੇ ਹਨ, ਪਰ ਕੌਂਸਲ ਨੂੰ ਇਨ੍ਹਾਂ ਵਿਦਿਆਰਥੀਆਂ ਦੀਆਂ ਸਮੱਸਿਆਵਾਂ ਨੇ ਕਾਰਵਾਈ ਕਰਨ ਲਈ ਮਜ਼ਬੂਰ ਕੀਤਾ ਹੈ। ਇਹਨਾਂ ਚੁਣੌਤੀਆਂ ਨੂੰ ਹੱਲ ਕਰਨ ਲਈ, ਅਸੀਂ ਵਿਦਿਅਕ ਸੰਸਥਾਵਾਂ, ਭਾਈਚਾਰਕ ਸਮੂਹਾਂ, ਅਤੇ ਵਿਦਿਆਰਥੀਆਂ ਨਾਲ ਸਾਂਝੇਦਾਰੀ ਕੀਤੀ ਹੈ। ਇਹ ਇਵੈਂਟ ਸਰੀ ਵਿੱਚ , ਇਹ ਯਕੀਨੀ ਬਣਾਉਣ ਵਿੱਚ ਮੱਦਦ ਕਰੇਗਾ ਕਿ ਸਾਰੇ ਅੰਤਰਰਾਸ਼ਟਰੀ ਵਿਦਿਆਰਥੀ ਸਾਡੇ ਭਾਈਚਾਰੇ ਵਿੱਚ ਸੁਰੱਖਿਅਤ ਅਤੇ ਸਮਰਥਨ ਮਹਿਸੂਸ ਕਰਦੇ ਹਨ ।"

ਇਸ ਫੋਰਮ ਵਿੱਚ ਇਕੱਠੇ ਹੋਏ ਸਟੈਕਹੋਲ੍ਡਰਸ ਨੂੰ ਅੰਤਰਰਾਸ਼ਟਰੀ ਵਿਦਿਆਰਥੀਆਂ ਲਈ ਸੇਵਾਵਾਂ ਅਤੇ ਸਹਾਇਤਾ ਪ੍ਰਣਾਲੀਆਂ ਨੂੰ ਵਧਾਉਣ ਦੇ ਮਕਸਦ ਨਾਲ ਮੁੱਖ ਰਣਨੀਤੀਆਂ ਦੀ ਪੜਚੋਲ ਅਤੇ ਸਿਫ਼ਾਰਸ਼ਾਂ ਤਿਆਰ ਕਰਨ ਲਈ ਕਿਹਾ ਗਿਆ ਹੈ । ਫੋਰਮ ਤੋਂ ਪ੍ਰਾਪਤ ਜਾਣਕਾਰੀ ਦੇ ਨਾਲ, ਸਿਟੀ ਅੰਤਰਰਾਸ਼ਟਰੀ ਵਿਦਿਆਰਥੀਆਂ ਕੋਲ ਲੋੜੀਂਦੇ ਸਰੋਤ ਅਤੇ ਸਹਾਇਤਾ ਨੂੰ ਯਕੀਨੀ ਬਣਾਉਣ ਵਿੱਚ ਮੱਦਦ ਕਰਨ ਲਈ ਇੱਕ ਵਿਆਪਕ ਰਣਨੀਤੀ ਤਿਆਰ ਕਰੇਗਾ।

ਸਿਟੀ ਦੇ ਹਾਊਸਿੰਗ ਅਤੇ ਸੋਸ਼ਲ ਡਿਵੈਲਪਮੈਂਟ ਡਿਵੀਜ਼ਨ ਨੇ ਇਸ ਸਾਲ ਕਈ ਵਿਦਿਅਕ ਸੰਸਥਾਵਾਂ, ਕਮਿਊਨਿਟੀ ਗਰੁੱਪਾਂ ਤੇ ਸਭ ਤੋਂ ਮਹੱਤਵਪੂਰਨ ਖ਼ੁੱਦ ਅੰਤਰ-ਰਾਸ਼ਟਰੀ ਵਿਦਿਆਰਥੀਆਂ ਨਾਲ ਲੰਮੀ-ਚੋੜੀ ਗੱਲਬਾਤ ਕੀਤੀ। ਇਨ੍ਹਾਂ ਐਨਗੇਜਮੇਂਟ ਵਿੱਚ ਉਨਾਂ ਨੂੰ ਦਰਪੇਸ਼ ਕੌੜੀਆਂ ਹਕੀਕਤਾਂ ਬਾਰੇ ਵੱਡਮੁਲੀ ਜਾਣਕਾਰੀ ਮਿਲੀ । ਸਿਟੀ ਸਟਾਫ ਨੇ 2024 ਵਿੱਚ ਕਈ ਜੌਬ-ਫੇਅਰ ਦੀ ਮੱਦਦ ਕਰਨ ਲਈ ਕਮਿਊਨਿਟੀ ਭਾਈਵਾਲਾਂ ਨਾਲ ਵੀ ਸਹਿਯੋਗ ਕੀਤਾ। ਇਸ ਤੋਂ ਇਲਾਵਾ ਹੋਰ ਪ੍ਰੋਗਰਾਮ ਵੀ ਜਲਦੀ ਹੀ ਸ਼ੁਰੂ ਕਰਨ ਦੀ ਵਿਉਂਤ ਹੈ, ਜਿਵੇਂ ਕਿ ਅੰਗਰੇਜ਼ੀ ਗੱਲਬਾਤ ਗਰੁੱਪ ਅਤੇ ਕਿਰਾਏਦਾਰਾਂ ਦੇ ਅਧਿਕਾਰਾਂ ਸਬੰਧੀ ਵਿਸ਼ਿਆਂ 'ਤੇ ਜਾਣਕਾਰੀ ਅਤੇ ਵਰਕਸ਼ਾਪਾਂ।

ਸਿਟੀ ਆਫ਼ ਸਰੀ, ਸਾਰੇ ਨਿਵਾਸੀਆਂ ਲਈ ਸੁਆਗਤ ਕਰਨ ਵਾਲੇ ਮਾਹੌਲ ਨੂੰ ਉਤਸ਼ਾਹਿਤ ਕਰਨ ਅਤੇ ਨਾਲ ਹੀ ਉਨਾਂ ਤੇ ਸੇਵਾਵਾਂ ਸੰਸਥਾਵਾਂ ਵਿੱਚ ਸਾਂਝ ਵਧਾ, ਇੱਕ ਸੁਰੱਖਿਅਤ ਅਤੇ ਵਿਭਿੰਨ ਭਾਈਚਾਰੇ ਦੇ ਸਾਡੇ ਦ੍ਰਿਸ਼ਟੀਕੋਣ ਨੂੰ ਅੱਗੇ ਵਧਾਉਣ ਲਈ ਵਚਨਬੱਧ ਹੈ।

-30-

**ਮੀਡੀਆ ਇਨਕੁਆਰੀ :**

ਪ੍ਰਭਜੋਤ ਕਾਹਲੋਂ

ਮਲਟੀਕਲਚਰਲ ਮੀਡੀਆ ਰੀਲੈਸ਼ਨ ਲੀਡ

ਸਿਟੀ ਆਫ ਸਰੀ

prabhjot.kahlon@surrey.ca
C :236-878-6263